# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162




## ਬੂਟਾ ਸਿੰਘ ਵਾਲਾ ਸਕੂਲ ਦੀ ਵਿਦਿਆਰਥਣ ਨੇ ਕਰਾਟੇ ਵਿੱਚ ਜਿੱਤਿਆ ਗੋਲ਼ਡ ਮੈਡਲ

ਵਰਲਡ ਪੰਜਾਬੀ ਟਾਈਮਜ਼

ਬਨੂੰੜ, 27 ਅਪ੍ਰੈਲ : ਜੰਮੂ ਵਿਖੇ ਹੋਈ ਨਾਰਥ ਇੰਡੀਅਨ ਕਰਾਟੇ ਚੈਂਪੀਅਨਸ਼ਿਪ ਵਿੱਚ ਪੰਜਾਬ ਵੱਲੋਂ ਖੇਡਦਿਆਂ ਸ.ਸ.ਸ.ਸ. ਬੂਟਾ ਸਿੰਘ ਵਾਲਾ਼ ਦੀ ਵਿਦਿਆਰਥਣ ਮਨਪ੍ਰੀਤ ਕੌਰ ਪੁੱਤਰੀ ਸੰਜੀਵ ਕੁਮਾਰ (ਜਮਾਤ ਨੌਂਵੀਂ) ਨੇ ਗੋਲ਼ਡ ਮੈਡਲ ਜਿੱਤ ਕੇ ਆਪਣੇ ਪਿੰਡ, ਸਕੂਲ ਅਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ। ਚੈਂਪੀਅਨਸ਼ਿਪ ਵਿੱਚ ਪੰਜਾਬ, ਜੰਮੂ, ਕਸ਼ਮੀਰ, ਹਿਮਾਚਲ, ਦਿੱਲੀ,



ਹਰਿਆਣਾ ਅਤੇ ਚੰਡੀਗੜ੍ਹ ਦੇ 300 ਖਿਡਾਰੀਆਂ ਨੇ ਭਾਗ ਲਿਆ। ਪ੍ਰਿੰਸੀਪਲ ਜਯੋਤੀ ਚਾਵਲਾ ਨੇ ਮਨਪ੍ਰੀਤ ਅਤੇ ਕੋਚ ਕੰਵਲਪ੍ਰੀਤ ਕੌਰ (ਪੀ.ਟੀ.ਆਈ.) ਨੂੰ ਮੁਬਾਰਕਾਂ ਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਮੂਹ ਸਟਾਫ਼ ਨਾਲ਼ ਉਚੇਚੇ ਤੌਰ ‘ਤੇ ਸਨਮਾਨ ਕੀਤਾ। ਇਸ ਮੌਕੇ ਸੀਨੀਅਰ ਲੈਕਚਰਾਰ ਪਰਮਜੀਤ ਕੌਰ, ਪੂਜਾ ਚੌਧਰੀ, ਮਾਨ ਸਿੰਘ, ਅਮਰਜੀਤ ਕੋਰ , ਹਰਮਿੰਦਰ ਕੌਰ, ਗੁਰਦੀਪ ਕੌਰ, ਸੰਜਣਾ ਰਾਣੀ, ਰਣਜੀਤ ਕੌਰ, ਤਰੁਣ ਰਿਸ਼ੀ ਰਾਜ, ਕੈਂਪਸ ਮੈਨੇਜਰ ਸ. ਬਹਾਦੁਰ ਸਿੰਘ , ਵਰਿੰਦਰ ਕੁਮਾਰ, ਡਾ. ਵਨਿਕਾ ਬੱਬਰ, ਪਰਵਿੰਦਰ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਟੀਕਾਕਰਣ ਦੀ ਮਹੱਤਤਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਰੈਲੀ ਦਾ ਆਯੋਜਨ

### 24 ਤੋਂ 30 ਅਪ੍ਰੈਲ ਤੱਕ ਮਨਾਇਆ ਜਾ ਰਿਹਾ ਹੈ ਵਿਸ਼ਵ ਟੀਕਾਕਰਣ ਹਫਤਾ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ, 27 ਅਪ੍ਰੈਲ: ਸਿਹਤ ਵਿਭਾਗ ਫਰੀਦਕੋਟ ਵੱਲੋਂ ਟੀਕਾਕਰਣ ਦੀ 50 ਵੀਂ ਵਰੇਗੰਢ ਨੂੰ ਸਮਰਪਿਤ ਸਪੈਸ਼ਲ ਕੈਪਾਂ ਰਾਹੀ 24 ਅਪ੍ਰੈਲ ਤੋਂ 30 ਅਪ੍ਰੈਲ ਤੱਕ ਵਿਸ਼ਵ ਟੀਕਾਕਰਣ ਹਫਤਾ ਮਨਾਇਆ ਜਾ ਰਿਹਾ ਹੈ। ਜਿਹੜੇ ਲੋਕ ਕਿਸੇ ਕਾਰਨ ਟੀਕਾਕਰਣ ਤੋਂ ਵਾਂਝੇ ਰਹਿ ਗਏ ਸਨ, ਨਵਜੰਮੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਸਲੱਮ ਬਸਤੀਆਂ, ਭੱਠਿਆਂ, ਪਥੇਰਾਂ ਅਦਿ ਉੱਪਰ ਵਿਸ਼ੇਸ਼ ਕੈਂਪ ਲਗਾ ਕੇ ਟੀਕਾਕਰਣ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਬਾਜੀਗਰ ਬਸਤੀ ਫਰੀਦਕੋਟ ਟੀਕਾਕਰਣ ਦੀ ਮਹੱਤਤਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਰੈਲੀ ਵੀ ਕੀਤੀ ਗਈ।




ਇਸੇ ਤਹਿਤ ਡਾ. ਮਨਿੰਦਰ ਪਾਲ ਸਿੰਘ ਸਿਵਲ ਸਰਜਨ ਅਤੇ ਡਾ. ਵਰਿੰਦਰ ਕੁਮਾਰ ਜਿਲ੍ਹਾ ਟੀਕਾਕਰਣ ਅਫਸਰ ਫਰੀਦਕੋਟ ਵੱਲੋਂ ਇਸ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਮਨਿੰਦਰ ਪਾਲ ਸਿੰਘ ਅਤੇ ਡਾ. ਵਰਿੰਦਰ ਕੁਮਾਰ ਨੇ ਦੱਸਿਆ ਕੇ ਇਹ ਹਫਤਾ ਮਨਾਉਣ ਦਾ ਮੁੱਖ ਮੰਤਵ ਵੈਕਸਿਨ ਨਾਲ ਰੋਕੀਆਂ ਜਾ ਸਕਣ ਵਾਲੀਆਂ ਬੀਮਾਰੀਆਂ ਸਬੰਧੀ ਜਾਗਰੂਕ ਕਰਨਾ ਹੈ ਤਾਂ ਜੋ ਟੀਕਾਕਰਣ ਦੀ ਪ੍ਰਗਤੀ ਨੂੰ ਵਧਾਇਆ ਜਾ ਸਕੇ । ਯੂਨੀਵਰਸ ਟੀਕਾਕਰਣ ਪ੍ਰੋਗਰਾਮ ਤਹਿਤ ਪੀਲੀਆ, ਖਾਂਸੀ ,ਨਿਮੋਨੀਆ , ਗੱਲ ਘੋਟੂ, ਟੈਟਨੇਸ, ਮੀਜਲ ਰੁਬੇਲਾ, ਕਾਲੀ ਖੰਘ ਆਦਿ 11 ਗੰਭੀਰ ਬਿਮਾਰੀਆਂ ਤੋਂ ਬਚਾਉਣ ਲਈ ਬੱਚਿਆਂ ਦਾ ਟੀਕਾਕਰਣ ਕੀਤਾ ਜਾਂਦਾ ਹੈ ਜੋ ਕਿ ਬਿਲਕੁੱਲ ਮੁਫਤ ਹੁੰਦਾ ਹੈ। ਉਹਨਾਂ ਅਪੀਲ ਕੀਤੀ ਕਿ ਜਿਹਨਾਂ ਵੀ ਗਰਭਵਤੀ ਔਰਤਾਂ ਜਾਂ ਬੱਚਿਆਂ ਦਾ ਸੰਪੂਰਣ ਟੀਕਾਕਰਣ ਨਹੀਂ ਹੋਇਆ ਉਹਨਾਂ ਨੂੰ ਇਹਨਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ ਤਾਂ ਜੋ ਇਹਨਾਂ ਜਾਨਲੇਵਾ ਬਿਮਾਰੀਆਂ ਤੋਂ ਬਚਾਅ ਹੋ ਸਕੇ।

ਇਸ ਮੌਕੇ ਕਾਰਜਕਾਰੀ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਵਿਵੇਕ ਰਾਜੌਰਾ, ਮੈਡੀਕਲ ਅਫਸਰ ਡਾ. ਮੈਰੀ, ਜਿਲ੍ਹਾ ਐਪੀਡੀਮਾਲੋਜਿਸਟ ਡਾ. ਹਿਮਾਂਸ਼ੂ ਗੁਪਤਾ, ਜਿਲ੍ਹਾ ਮਾਸ ਮੀਡੀਆ ਅਫਸਰ ਕੁਲਵੰਤ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ ਅਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਸਕੂਲ ਦਾ ਸਮੂਹ ਸਟਾਫ ਹਾਜਰ ਸਨ।

## ਮਾ. ਨਾਜ਼ਰ ਸਿੰਘ, ਮਾਤਾ ਪ੍ਰਕਾਸ਼ ਕੌਰ ਵੈਲਫ਼ੇਅਰ ਸੁਸਾਇਟੀ ਧੌਲ਼ ਖ਼ੁਰਦ ਵਲੋਂ 50 ਸਕੂਲੀ ਬੱਚਿਆਂ ਨੂੰ ਬੈਗ ਦਿੱਤੇ ਗਏ

ਵਰਲਡ ਪੰਜਾਬੀ ਟਾਈਮਜ਼ ਬਲਬੀਰ ਸਿੰਘ ਬੱਬੀ

ਲੁਧਿਆਣਾ 27 ਅਪ੍ਰੈਲ : ਸਿੱਖਿਆ ਦੇ ਖੇਤਰ ਵਿੱਚ ਮੰਨੀ ਪ੍ਰਮੰਨੀ ਸਖ਼ਸ਼ੀਅਤ ਸਰਵਿਸ ਮੈਟਰ ਦੇ ਮਾਹਿਰ ਮਾ. ਨਾਜ਼ਰ ਸਿੰਘ ਧੌਲ ਖੁਰਦ ਅਤੇ ਸੁਘੜ ਸਿਆਣੀ ਮਾਤਾ ਪ੍ਰਕਾਸ਼ ਕੌਰ ਦੀ ਨਿੱਘੀ ਯਾਦ ਵਿੱਚ ਉਨ੍ਹਾਂ ਦੀਆਂ ਤਿੰਨੇ ਧੀਆਂ ਲੈਕ. ਕੁਲਵਿੰਦਰ ਕੌਰ, ਜਸਵਿੰਦਰ ਕੌਰ ਟੋਨੀ ਅਤੇ ਰਮਨਪ੍ਰੀਤ ਕੌਰ ਰੀਤੂ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਧੌਲ ਖੁਰਦ ਵਿਖੇ ਪਹਿਲੀ



ਤੋਂ ਪੰਜਵੀਂ ਜਮਾਤ ਤੱਕ ਦੇ ਸਾਰੇ 50 ਬੱਚਿਆਂ ਨੂੰ ਨਵੇਂ ਸ਼ੈਸ਼ਨ ਦੀ ਸ਼ੁਰੂਆਤ ਤੇ ਸਕੂਲੀ ਬੈਗ ਦਿੱਤੇ ਗਏ।
ਇਸ ਮੌਕੇ ਲੈਕਚਰਾਰ ਸ਼੍ਰੀਮਤੀ ਕੁਲਵਿੰਦਰ ਕੌਰ ਨੇ ਕਿਹਾ ਕਿ ਜਿੱਥੇ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਪ੍ਰਕਾਸ਼ ਕੌਰ ਹਮੇਸ਼ਾ ਲੋੜਵੰਦਾਂ ਦੇ ਹਮਦਰਦ ਰਹੇ, ਦੁੱਖ ਸੁੱਖ ਦੇ ਭਾਈਵਾਲ ਰਹੇ, ਇਮਾਨਦਾਰੀ, ਦਿਆਨਦਾਰੀ ਤੇ ਪਹਿਰਾ ਦਿੱਤਾ, ਗੁਰੂ ਦੇ ਭਾਣੇ ਵਿੱਚ ਰਹੇ। ਉੱਥੇ ਹੀ ਉਨ੍ਹਾਂ ਦੇ ਪਿਤਾ ਮਾਸਟਰ ਨਾਜ਼ਰ ਸਿੰਘ ਸਿੱਖਿਆ ਨੂੰ ਪ੍ਰਫੁੱਲਤ ਕਰਨ ਅਤੇ ਵਿਭਾਗੀ ਕੰਮ ਕਾਜ, ਸਰਵਿਸ ਮੈਟਰ ਵਿੱਚ ਵਡਮੁੱਲੀ ਮੁਹਾਰਤ ਰੱਖਣ ਸਦਕਾ ਜ਼ਿਲ੍ਹੇ ਵਿੱਚ ਉਹ ਬਹੁਤ ਸਤਿਕਾਰੇ ਜਾਂਦੇ ਸਨ। ਉਨ੍ਹਾਂ ਦੀ ਯਾਦ ਵਿਚ ਪਰਿਵਾਰ ਵਲੋਂ ਬੱਚਿਆਂ ਨਾਲ ਕੁੱਝ ਸਾਂਝ ਪਾਉਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਮਾ. ਨਾਜ਼ਰ ਸਿੰਘ, ਮਾਤਾ ਪ੍ਰਕਾਸ਼ ਕੌਰ ਵੈਲਫ਼ੇਅਰ ਸੁਸਾਇਟੀ ਧੌਲ਼ ਖ਼ੁਰਦ ਦੇ ਉਪਰਾਲੇ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਇੰਚਾਰਜ ਸ਼੍ਰੀਮਤੀ ਹਰਦੀਪ ਕੌਰ, ਮੈਡਮ ਚਰਨਜੀਤ ਕੌਰ ਵਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਬਾਬਾ ਮੇਜਰ ਸਿੰਘ ਮੀਤ, ਇੰਜ. ਹਰਮਿੰਦਰ ਸਿੰਘ ਸਹਾਰਨ ਮਾਜਰਾ, ਵਰਿੰਦਰ ਸਿੰਘ ਗੋਗੀ ਰਾਜਗੁਰੂ ਨਗਰ ਲੁਧਿਆਣਾ, ਇੰਜ. ਅਨਮੋਲਪ੍ਰੀਤ ਸਿੰਘ ਐੱਸ.ਡੀ.ਓ ਸਿਆੜ, ਸਾਬਕਾ ਪੰਚ ਧਰਮਜੀਤ ਸਿੰਘ ਬੱਬੂ, ਰਮਨਪ੍ਰੀਤ ਕੌਰ, ਜਸ਼ਨਪ੍ਰੀਤ ਕੌਰ ਸਰੋਏ, ਅੰਸ਼ਦੀਪ ਸਿੰਘ ਮੱਲ, ਖੁਸ਼ੀ ਕੌਰ ਵੀ ਹਾਜ਼ਰ ਸਨ।


## ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਨੂੰ ਮਿਲਿਆ “ਐਜੂਆਈਕਨ ਐਵਾਰਡ”

### ਮੋਹਰੀ ਸਕੂਲਾਂ ਵਿੱਚੋਂ ਚੁਣੇ ਗਏ ਤਜ਼ਰਬੇਕਾਰ ਪ੍ਰਿੰਸੀਪਲਾਂ ਦੀ ਸੂਚੀ ਵਿੱਚ ਆਪਣਾ ਨਾਮ ਕਰਵਾਇਆ ਦਰਜ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 27 ਅਪ੍ਰੈਲ : ਇਤਿਹਾਸ ਗਵਾਹ ਹੈ ਕਿ ਵਿਅਕਤੀ ਵੱਲੋਂ ਦੇਖੇ ਗਏ ਸੁਪਨੇ ਪੂਰੇ ਕਰਨ ਪਿੱਛੇ ਉਸਦੀ ਅਣਥੱਕ ਮਿਹਨਤ ਅਤੇ ਕੋਸ਼ਿਸ਼ ਹੁੰਦੀ ਹੈ। ਕਾਮਯਾਬੀ ਅਤੇ ਸਫ਼ਲਤਾ ਉਸ ਨੂੰ ਹੀ ਮਿਲਦੀ ਹੈ, ਜੋ ਉਸਨੂੰ ਪਾਉਣ ਲਈ ਦ੍ਰਿੜ ਸ਼ਕਤੀ ਨਾਲ ਅੱਗੇ ਵਧਦਾ ਹੈ। ਇਹਨਾਂ ਸ਼ਬਦਾਂ ਦੀ ਤਰਜਮਾਨੀ ਕਰਨ ਵਾਲੀ ਸ਼ਖਸੀਅਤ ਬਾਰੇ ਦੱਸਦੇ ਹੋਏ ਮਾਣ ਮਹਿਸੂਸ ਕਰ ਰਹੇ ਹਾਂ ਕਿ ਜ਼ਿਲ੍ਹਾ ਮੋਗਾ ਦੀ ਵਿੱਦਿਅਕ ਸੰਸਥਾ ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਸ਼੍ਰੀ ਧਵਨ ਕੁਮਾਰ ਜੀ ਨੇ ਪਿਛਲੇ ਦਿਨੀਂ ਐਜੂਆਈਕਨ ਐਵਾਰਡ ਹਾਸਿਲ ਕਰਕੇ ਜਿੱਥੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ, ਉੱਥੇ ਹੀ ਮੋਹਰੀ ਸਕੂਲਾਂ ਵਿੱਚੋਂ ਚੁਣੇ ਗਏ ਤਜ਼ਰਬੇਕਾਰ ਪ੍ਰਿੰਸੀਪਲਾਂ ਦੀ ਸੂਚੀ ਵਿੱਚ ਆਪਣਾ ਨਾਮ ਦਰਜ ਕੀਤਾ ਹੈ। ਸ਼੍ਰੀ ਧਵਨ ਕੁਮਾਰ ਜੀ ਦੀਆਂ ਵਿਲੱਖਣ ਪ੍ਰਾਪਤੀਆਂ, ਉਪਲੱਬਧੀਆਂ, ਮਿਹਨਤਾਂ, ਅਣਥੱਕ ਕੋਸ਼ਿਸ਼ਾਂ ਅਤੇ ਸ਼ਲਾਘਾਯੋਗ ਕੰਮਾਂ ਨੂੰ ਦੇਖਦੇ ਹੋਏ




‘ਦ ਲੀਲਾ ਐਮਬੀਐਂਸ ਗੁਰੂਗ੍ਰਾਮ’ ਵਿਖ਼ੇ ਇੱਕ ਵੱਡੇ ਪੱਧਰ ‘ਤੇ ਕੀਤੇ ਗਏ ਐਵਾਰਡ ਵੰਡ ਸਮਾਰੋਹ ਵਿੱਚ ਸੱਦਿਆ ਗਿਆ, ਜਿੱਥੇ ਪੂਰੇ ਭਾਰਤ ਵਿੱਚੋਂ ਵੱਖ-ਵੱਖ ਕੋਨਿਆਂ ਜੈਪੁਰ, ਜੋਧਪੁਰ, ਭੀਵਾਨੀ, ਮੁੰਬਈ, ਕੇਰਲਾ, ਪੂਨੇ, ਦਿੱਲੀ, ਬੰਗਲੌਰ, ਉੱਤਰਪ੍ਰਦੇਸ਼, ਮੱਧ ਪ੍ਰਦੇਸ਼, ਹੈਦਰਾਬਾਦ, ਤੋਂ ਇਲਾਵਾ ਸੂਬਾ ਪੰਜਾਬ ਵਿੱਚੋਂ ਜ਼ਿਲ੍ਹਾ ਲੁਧਿਆਣਾ, ਜਲੰਧਰ ਅਤੇ ਮੋਗਾ ਦੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਦੁਆਰਾ ਸ਼ਿਰਕਤ ਕੀਤੀ ਗਈ। ਜਿਹਨਾਂ ਵਿੱਚੋਂ ਸੂਬਾ ਪੰਜਾਬ ਭਰ ਦੇ ਜ਼ਿਲ੍ਹਾ ਮੋਗਾ ਵਿੱਚੋਂ ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਨੂੰ ਐਜੂਆਈਕਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਐਵਾਰਡ ਸਮਾਰੋਹ ਵਿੱਚ ਵੱਡੇ ਵੱਡੇ ਵਿਦਵਾਨਾਂ ਨੇ ਸ਼ਿਰਕਤ ਕੀਤੀ। ਸਮਾਰੋਹ ਵਿੱਚ ਚੀਫ਼ ਗੈਸਟ ਦੇ ਤੌਰ ‘ਤੇ ਪੁਹੰਚਣ ਵਾਲੇ ਮਹਿਮਾਨ ਅੰਬੈਸਡਰ ਡਾ. ਦੀਪਕ ਵੋਹਰਾ (ਮੇਡ ਇਨ ਭਾਰਤ, ਸਪੈਸ਼ਲ ਐਡਵਾਈਜ਼ਰ ਇਨ ਅਫਰੀਕਾ) ਨੇ ਜਿੱਥੇ ਇਸ ਐਵਾਰਡ ਸਮਾਰੋਹ ਦੀ ਪ੍ਰਤਿਨਿਧਤਾ ਕੀਤੀ ਉੱਥੇ ਹੀ ਸਪੈਸ਼ਲ ਗੈਸਟ ਦੇ ਤੌਰ ‘ਤੇ ਨੋਇਡਾ ਦੇ ਜੇਨੀਸਿਸ ਗਲੋਬਲ ਸਕੂਲ ਦੇ ਵਾਈਸ ਪ੍ਰੈਸੀਡੈਂਟ ਸ਼੍ਰੀ ਪ੍ਰਮੋਦ ਸ਼ਰਮਾ ਅਤੇ ਉੱਘੇ ਵਿਦਵਾਨ ਜਨਰਲ ਸੁਰੇਂਦਰ ਕੁਲਕਰਨੀ (ਸੈਕਟਰੀ ਮਾਇਯੋ ਕਾਲਜ ਜਨਰਲ ਕੌਂਸਲ ਜੀ ਵੀ ਸ਼ਾਮਿਲ ਹੋਏ। ਇਹਨਾਂ ਸਾਰੇ ਉੱਚ ਵਿਦਵਾਨਾਂ ਦੁਆਰਾ ਇਸ ਸਮਾਰੋਹ ਵਿੱਚ ਚੁਣੇ ਗਏ ਪ੍ਰਿੰਸੀਪਲਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਧਵਨ ਕੁਮਾਰ ਦੇ ਇਸ ਵਿਲੱਖਣ ਪ੍ਰਾਪਤੀ, ਐਜੂਆਈਕਨ ਐਵਾਰਡ ਪ੍ਰਾਪਤ ਕਰਨ ਮਗਰੋਂ ਸਕੂਲ ਪਰਤਣ :ਤੇ ਸਕੂਲ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਉਹਨਾਂ ਦਾ ਖਿੜ੍ਹੇ ਮੱਥੇ ਸੁਆਗਤ ਕੀਤਾ। ਸ਼੍ਰੀ ਧਵਨ ਕੁਮਾਰ ਨੇ ਸਕੂਲ ਵਿੱਚ ਪੁਹੰਚ ਕੇ ਜਿੱਥੇ ਆਪਣੇ ਵਿਦਿਆਰਥੀ ਜੀਵਨ ਤੋਂ ਹੁਣ ਤੱਕ ਦੇ ਸਫ਼ਰ ਬਾਰੇ ਦੱਸਿਆ ਉੱਥੇ ਹੀ ਗੁਰੂਕੁਲ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਪ੍ਰਾਪਤੀਆਂ ਕਰਨ ਲਈ ਪ੍ਰੇਰਿਤ ਕੀਤਾ।

## ਮੰਡੀਆਂ ਵਿੱਚ ਹੁੰਦੀ ਖੱਜਲ ਖੁਆਰੀ ਤੋਂ ਬਚਣ ਲਈ ਝੋਨੇ ਦੀਆਂ ਗੈਰ ਸਿਫਾਰਸ਼ਸ਼ੁਦਾ ਕਿਸਮਾਂ ਦੀ ਕਾਸਤ ਨਾਂ ਕੀਤੀ ਜਾਵੇ : ਡਾ. ਅਮਰੀਕ ਸਿੰਘ

### ਵਧੇਰੇ ਪਾਣੀ ਦੀ ਖੱਪਤ ਕਰਨ ਵਾਲੀ ਝੋਨੇ ਦੀ ਗੈਰ ਸਿਫਰਾਸ਼ਸ਼ੁਦਾ ਕਿਸਮ ਪੂਸਾ 44 ਦੀ ਕਾਸ਼ਤ ਨਾਂ ਕਰਨ ਦੀ ਅਪੀਲ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ, 27 ਅਪ੍ਰੈਲ਼ : ਕਿਸਾਨਾਂ ਨੂੰ ਝੋਨੇ ਅਤੇ ਨਰਮੇ ਦੇ ਮਿਆਰੀ ਬੀਜ ਉਪਲਬਧ ਕਰਵਾਉਣ ਦੇ ਮਕਸਦ ਨਾਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਫਰੀਦਕੋਟ ਵੱਲੋਂ ਚਲਾਈ ਜਾ ਰਹੀ ਸਾਉਣੀ ਮੁਹਿੰਮ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਜ਼ਿਲਾ ਪੱਧਰੀ ਨਿਗਰਾਨ ਟੀਮ ਵੱਲੋਂ ਸਥਾਨਕ ਦਾਣਾ ਮੰਡੀ ਵਿੱਚ ਸਥਿਤ ਬੀਜ ਵਿਕ੍ਰੇਤਾਵਾਂ ਦੇ ਕਾਰੋਬਾਰੀ ਅਦਾਰਿਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਕਾਰੋਬਾਰ ਨਾਲ ਸੰਬੰਧਤ ਦਸਤਾਵੇਜ ਦੀ ਚੈਕਿੰਗ ਤੋਂ ਇਲਾਵਾ ਪੂਸਾ 44 ਕਿਸਮ ਦੇ ਸਟਾਕ ਬਾਰੇ ਜਾਣਕਾਰੀ ਲਈ ਗਈ। ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਦੀ ਅਗਵਾਈ ਹੇਠ ਟੀਮ ਵਿੱਚ ਡਾ. ਰੁਪਿੰਦਰ ਸਿੰਘ, ਡਾ. ਰਮਨਦੀਪ ਸਿੰਘ, ਡਾ. ਯਾਦਵਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ, ਸ੍ਰੀ ਸ਼ਮਿੰਦਰ ਸਿੰਗ ਸਹਾਇਕ ਤਕਨਾਲੋਜੀ ਮੈਨੇਜ਼ਰ (ਆਤਮਾ) ਸ਼ਾਮਿਲ ਸਨ। ਮੰਡੀ ਵਿੱਚ ਸਥਿਤ ਅਜੇ ਟ੍ਰੇਡਰਜ਼ ਦੀ ਦੁਕਾਨ ‘ਤੇ ਗੱਲਬਾਤ ਕਰਦਿਆਂ ਡਾ.ਅਮਰੀਕ ਸਿੰਘ ਨੇ ਕਿਹਾ ਕਿ ਝੋਨੇ ਦੀ ਸਫਲ ਕਾਸ਼ਤ ਵਿੱਚ ਕਿਸਮ ਅਤੇ ਤਸਦੀਕਸ਼ੁਦਾ ਬੀਜ ਦੀ ਬਹੁਤ ਅਹਿਮ



ਭੂਮਿਕਾ ਹੁੰਦੀ ਹੈ, ਕਿਉਂਕਿ ਆਮ ਕਰਕੇ ਬੀਜ ਵਿਕ੍ਰੇਤਾ ਅਤੇ ਆੜ੍ਹਤੀ ਭਰਾ ਕਿਸਾਨਾਂ ਨੂੰ ਸਬਜ਼ਬਾਗ ਦਿਖਾ ਕੇ ਗੈਰ ਸਿਫਾਰਸ਼ਸ਼ੁਦਾ ਕਿਸਮਾਂ ਦਾ ਬੀਜ ਮਹਿੰਗੇ ਭਾਅ ਵੇਚਦੇ ਹਨ। ਉਨਾਂ ਕਿਹਾ ਕਿ ਆਮ ਕਰਕੇ ਕਿਸਾਨਾਂ ਵਲੋਂ ਵੇਖੋ ਵੇਖੀ ਕੁਝ ਗੈਰ ਸਿਫਾਰਸ਼ਸ਼ੁਦਾ ਕਿਸਮਾਂ ਦੀ ਕਾਸਤ ਕਰ ਲਈ ਜਾਂਦੀ ਹੈ, ਜਿਸ ਕਾਰਨ ਮੰਡੀ ਵਿੱਚ ਮੰਡੀਕਰਨ ਸਮੇਂ ਕਿਸਾਨਾਂ ਅਤੇ ਆੜਤੀਆਂ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨਾਂ ਕਿਹਾ ਕਿ ਕੁਝ ਬੀਜ ਵਿਕ੍ਰੇਤਾ ਹਾੜੀ-ਸਾਉਣੀ ਤੋਂ ਪਹਿਲਾਂ ਅਖਬਾਰਾਂ, ਟੀ.ਵੀ. ਵਿੱਚ ਇਸ਼ਤਿਹਾਰ ਦੇ ਕੇ ਆਪਣੇ ਦੁਆਰਾ ਤਿਆਰ ਗੈਰ ਸਿਫਾਰਸ਼ਸ਼ੁਦਾ ਕਿਸਮਾਂ ਦੀ ਮਸ਼ਹੂਰੀ ਕਰਕੇ ਕਿਸਾਨਾਂ ਨੂੰ ਗੰੁਮਰਾਹ ਕਰਦੇ ਹਨ ਜਿਸ ਤੋਂ ਪ੍ਰਭਾਵਤ ਹੋ ਕੇ ਕਿਸਾਨ ਬੀਜ ਖ੍ਰੀਦ ਕੇ ਝੋਨੇ ਦੀ ਕਾਸ਼ਤ ਕਰਦੇ ਹਨ,ਜੋ ਕਈ ਵਾਰ ਕਿਸਾਨਾਂ ਲਈ ਘਾਟੇ ਵਾਲਾ ਸੌਦਾ ਸਾਬਿਤ ਹੁੰਦਾ ਹੈ। ਉਨਾਂ ਕਿਹਾ ਕਿ ਗੈਰ ਸਿਫਾਰਸ਼ਸ਼ੁਦਾ ਅਤੇ ਗੈਰ ਨੋਟੀਫਾਈਡ ਹਾਈਬ੍ਰਿਡ ਝੋਨੇ ਦੀਆਂ ਕਿਸਮਾਂ ਕਾਸਤ ਕਰਨ ਨਾਲ ਜਿਥੇ ਕਿਸਾਨਾਂ ਦਾ ਆਰਥਿਕ ਨੁਕਸਾਨ ਹੁੰਦਾ ਹੈ, ਉਥੇ ਸੈਲਰ ਉਦਯੋਗ ਨੂੰ ਭਾਰੀ ਨੁਕਸਾਨ ਹੁੰਦਾ ਹੈ।ਉਨਾਂ ਕਿਹਾ ਕਿ ਪਿਛਲੇ ਸਾਲਾਂ ਦੇ ਤਜ਼ਰਬਿਆਂ ਨੂੰ ਸਾਹਮਣੇ ਰੱਖਦਿਆਂ ਗੈਰ ਨੋਟੀਫਾਈਡ ਹਾਈਬ੍ਰਿਡ ਅਤੇ ਗੈਰ ਸਿਫਾਰਸ਼ੀ ਕਿਸਮਾਂ ਦੀ ਕਾਸਤ ਨਹੀਂ ਕਰਨੀ ਚਾਹੀਦੀ। ਉਨਾਂ ਕਿਹਾ ਕਿ ਝੋਨੇ ਦੀਆਂ ਕਿਸਮਾਂ ਜਿਵੇਂ ਪੀ ਆਰ 126, 131,130,129,127,124,122 ਅਤੇ ਬਾਸਮਤੀ ਦੀਆਂ ਪੂਸਾ 1847, ਪੰਜਾਬ ਬਾਸਮਤੀ 1,ਪੂਸਾ ਬਾਸਮਤੀ 1718, ਸੀ ਐ ਆਰ 30,ਪੂਸਾ ਬਾਸਮਤੀ 1509 ਅਤੇ ਪੂਸਾ ਬਾਸਮਤੀ 1121 ਦੀ ਕਾਸਤ ਕਰਨ ਦੀ ਸਿਫਾਰਸ਼ ਕੀਤੀ ਜਾ ਰਹੀ ਹੈੈ।ਉਨਾਂ ਦੱਸਿਆ ਕਿ ਸਿਰਫ ਕੇਂਦਰ ਸਰਕਾਰ ਵੱਲੋਂ ਨੋਟੀਫਾਈਡ ਹਾਈਬ੍ਰਿਡ ਕਿਸਮਾਂ ਜਿਵੇਂ ਪੀ ਆਰ ਐਚ 122 ਆਰ, ਹਾਈਬ੍ਰਿਡ 6444,ਪੀ ਏ 6129, ਸਹਾਇਦਰੀ 4, ਵੀ ਐਨ ਆਰ 2375,ਐਚ ਆਰ ਆਈ 178, ਐਚ ਅਰ ਆਈ 180, 27 ਪੀ 22,ਵੀ ਐਨ ਆਰ 2111, ਸਾਵਾ 134, ਕੇ ਪੀ ਐਚ 471, ਸਾਵਾ 127, ਜੇ ਕੇ ਆਰ ਐਚ 2154,ਇਨਡਾਮ 100-102, ਏ ਜ਼ੈਡ 8433, 28ਪੀ 67, ਕੇ ਆਰ ਐਚ 7299, ਏ ਜ਼ੈਡ 8455, ਡੀ ਟੀ,ਆਈ ਐਨ ਐਚ 211120,ਆਰ ਆਰ ਐਕਸ 3350,ਆਰ ਆਰ ਐਕਸ 3200, ਸਾਵਾ 7501 ਦੀ ਕਾਸਤ ਕਰਨ ਦੀ ਇਜ਼ਾਜ਼ਤ ਹੈ ਅਤੇ ਇਸ ਤੋਂ ਇਲਾਵਾ ਕੋਈ ਵੀ ਹਾਈਬ੍ਰਿਡ ਕਿਸਮ ਦੀ ਵਿਕਰੀ ਕਰਨ ਦੀ ਮਨਾਹੀ ਹੈ।ਉਨਾਂ ਦੱਸਿਆਂ ਕਿ ਪੰਜਾਬ ਸਰਕਾਰ ਵੱਲੋਂ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਅਤੇ ਵਾਤਾਵਰਣ ਦੇ ਸ਼ੁਧਤਾ ਲਈ ਝੋਨੇ ਦੀ ਪੂਸਾ 44 ਕਿਸਮ ਦੀ ਕਾਸ਼ਤ ਨੂੰ ਪੰਜਾਬ ਵਿੱਚ ਵਰਜਿਤ ਕਰ ਦਿੱਤਾ ਹੈ।ਇਸ ਲਈ ਪੂਸਾ 44 ਦੀ ਬਿਜਾਏ ਪੀ ਆਰ 126 ਉਨਾਂ ਕਿਹਾ ਕਿ ਕਿਸੇ ਗੈਰ ਲਾਇਸੰਸਧਾਰੀ ਦੁਕਾਨਦਾਰ ਤੋਂ ਬੀਜ ਖ੍ਰੀਦਣ ਤੋਂ ਗੁਰੇਜ਼ ਕਰਨਾ ਚਾਹੀਦਾ। ਉਨਾਂ ਬੀਜ ਵਿਕ੍ਰੇਤਾਵਾਂ ਨੂੰ ਸਖਤ ਹਦਾਇਤ ਕੀਤੀ ਕਿ ਕਿਸੇ ਵੀ ਗੈਰ ਸਿਫਾਰਸ਼ਸ਼ੁਦਾ ਕਿਸਮ ਦਾ ਬੀਜ ਨਾਂ ਵੇਚਿਆ ਜਾਵੇ ਅਤੇ ਕਿਸਾਨਾਂ ਨੂੰ ਬੀਜ ਦੀ ਵਕਰੀ ਕਰਨ ਉਪਰੰਤ ਬਿੱਲ ਜ਼ਰੂਰ ਦਿੱਤਾ ਜਾਵੇ।

## ਏ ਦਿਲਾ

ਏ




ਦਿਲਾ
ਮੇਰਿਆ ਵੇ।
ਦੱਸ ਤੈਨੂੰ ਕਿੱਦਾਂ ਸਮਝਾਵਾਂ
ਤੈਨੂੰ ਕਿੱਦਾਂ ਮਨਾਵਾਂ
ਤੈਨੂੰ ਕਿੱਦਾਂ ਪਰਚਾਵਾਂ
ਕਿਉਂ ਰੌਂਦਾਂ ਫਿਰਦਾਂ ਏਂ ਹੁਣ ਤੂੰ
ਖ਼ੂਨ ਦੇ ਹੰਝੂ ਵਹਾਉਂਦਾ ਏਂ ਹੁਣ ਤੂੰ
ਆਪਣੀ ਯਾਦ ਕਿਵੇਂ ਦਿਵਾਏਂਗਾ
ਉਸਨੂੰ ਹੁਣ ਤੂੰ।
ਕਿਵੇਂ ਦੱਸੇਂਗਾ ਉਸਨੂੰ ਹੁਣ ਤੂੰ
ਤੇਰੇ ਦਿਲ ਦਾ ਸੁੱਖ ਚੈਨ ਤੇ ਹੁਣ ਉਹ
ਲੈ ਗਿਆ ਲੁੱਟ ਕੇ ਆਪਣੇ ਨਾਲ ਹੀ।

ਰਮਿੰਦਰ ਰੰਮੀ

ਏ ਦਿਲਾ
ਮੇਰਿਆ ਵੇ।
ਕਿਵੇਂ ਮਹਿਸੂਸ ਕਰਾਏਂਗਾ ਹੁਣ ਤੂੰ ਉਸਨੂੰ
ਕਿ ਉਸਦੀ ਯਾਦ ਵਿੱਚ ਹਰ ਪੱਲ
ਤੂੰ ਹੁਣ ਹੌਕੇ ਭਰਦਾ ਰਹਿੰਦਾ ਹੈਂ।
ਉਹ ਕਿਵੇ ਮਹਿਸੂਸ ਕਰੇਗਾ ਹੁਣ
ਕਿ ਤੇਰੀ ਭੁੱਖ ,ਪਿਆਸ ,ਨੀਂਦਰ
ਤੇ ਮਨ ਦੀ ਸ਼ਾਂਤੀ ਸੱਭ ਕੁਝ
ਲੈ ਗਿਆ ਆਪਣੇ ਨਾਲ ਹੁਣ ਉਹ।
ਝੋਂਕ ਗਿਆ ਹੁਣ ਤੈਨੂੰ ਉਹ
ਦੁੱਖਾਂ ਦੀ ਭੱਠੀ ਵਿੱਚ
ਸੜਣੇ ਨੂੰ , ਮਰਨੇ ਨੂੰ।

ਏ ਦਿਲਾ

ਮੇਰਿਆ ਵੇ।
ਕਿਵੇਂ ਤੂੰ ਦਿਨੇ ਰਾਤ
ਵਿਲਕਦਾ ਪਿਆ ਏਂ ,
ਛਟਪਟਾ ਰਿਹਾ ਏਂ
ਇਹ ਅਹਿਸਾਸ ਹੁੰਦਾ ਉਸਨੂੰ
ਤੇ ਤੈਨੂੰ ਛੱਡ ਕੇ ਜਾਂਦਾ ਹੀ ਕਿਉਂ ਉਹ।
ਇਸ ਹਾਲ ਵਿੱਚ ਹੁਣ ਤੈਨੂੰ
ਮੈਂ ਰੋਂਦਿਆਂ , ਕੁਰਲਾਉਂਦਿਆਂ ,
ਤੜਪਦਿਆਂ ਨਹੀਂ ਦੇਖ ਸਕਦੀ।

ਏ ਦਿਲਾ
ਮੇਰਿਆ ਵੇ।
ਦੱਸ ਤੂੰ ਕੋਈ ਬੱਚਾ ਤੇ ਨਹੀਂ ਕਿ
ਮੇਰੇ ਦਿੱਤੇ ਕਿਸੇ ਗਿਫ਼ਟ ਨਾਲ
ਪਰਚ ਜਾਏਂਗਾ ਤੂੰ।
ਤੇ ਮੈਂ ਕਹਾਂਗੀ ਤੇ ਤੂੰ
ਭੁੱਲ ਜਾਏਂਗਾ ਉਸਨੂੰ।
ਛੱਡ ਕੇ ਜਾਣ ਵਾਲੇ ਮੁੜ ਕਦੀ
ਨਹੀਂ ਦੇਖਦੇ ਇਹ ਕਿ
ਉਸ ਦਿਲ ਤੇ ਕੀ ਬੀਤ ਰਹੀ ਹੈ।

ਏ ਦਿਲਾ
ਮੇਰਿਆ ਵੇ।
ਤੂੰ ਹੀ ਦੱਸ ਖਾਂ ਵੇ ਤੈਨੂੰ ਮੈਂ
ਐਸਾ ਗਿਫ਼ਟ ਕੀ ਦਿਆਂ ਕਿ
ਤੂੰ ਉਸਦੀਆਂ ਯਾਦਾਂ ਵਿੱਚੋਂ
ਬਾਹਰ ਨਿਕਲ ਆਪਣਾ
ਕੁਝ ਤੇ ਖ਼ਿਆਲ ਕਰੇਂ।
ਦਿਨ ਰਾਤ ਅੰਦਰ ਹੀ ਅੰਦਰ
ਘੁੱਟ ਘੁੱਟ ਕੇ ਮਰੀ ਜਾ ਰਿਹਾ ਏਂ।
ਤੈਨੂੰ ਇਸ ਹਾਲ ਵਿਚ
ਨਹੀਂ ਦੇਖ ਸਕਦੀ ਮੈਂ।

ਏ ਦਿਲਾ
ਮੇਰਿਆ ਵੇ।
ਸੁਣ ਰਿਹਾ ਹੈਂ ਨਾ ਤੂੰ
ਕਿ ਤੂੰ ਵੀ ਉਸ ਵਾਂਗ
ਸੁਣੀ ਅਣਸੁਣੀ ਕਰ ਰਿਹਾ ਏਂ।
ਸਮਝ ਕੇ ਵੀ ਨਾ ਸਮਝ
ਬਣਿਆ ਬੈਠਾ ਏਂ।

ਏ ਦਿਲਾ
ਮੇਰਿਆ ਵੇ।
ਏ ਦਿਲਾ
ਦੱਸ ਮੈਂ ਕੀ ਕਰਾਂ।
ਏ ਦਿਲਾ
ਮੇਰਿਆ ਵੇ।
" ਦਿਲ ਹੈ ਕਿ ਮਾਨਤਾ ਨਹੀਂ "।

## ਜਦੋਂ ਸਾਹਿਤਕਾਰਾਂ ਲਈ ਮੰਗਾਏ ਸਮੋਸਿਆਂ ਨੇ ਭਸੂੜੀ ਪਾਈ



ਉਜਾਗਰ ਸਿੰਘ

ਗੱਲ 1975 ਦੀ ਹੈ, ਜਦੋਂ ਮੈਂ ਲੋਕ ਸੰਪਰਕ ਵਿਭਾਗ ਪੰਜਾਬ ਦੇ ਮਾਸਕ ਰਸਾਲੇ ਜਾਗ੍ਰਤੀ ਪੰਜਾਬੀ ਦਾ ਸਹਾਇਕ ਸੰਪਾਦਕ ਲੱਗਿਆ ਹੋਇਆ ਸੀ। ਮਰਹੂਮ ਸੁਖਪਾਲਵੀਰ ਸਿੰਘ ਹਸਰਤ ਜੋ ਪੰਜਾਬੀ ਦੇ ਕਵੀ ਸਨ, ਉਹ ਲੋਕ ਸੰਪਰਕ ਅਧਿਕਾਰੀ ਪੰਜਾਬੀ ਅਤੇ ਲੋਕ ਸੰਪਰਕ ਵਿਭਾਗ ਦੇ ਜਾਗ੍ਰਤੀ ਪੰਜਾਬੀ ਰਸਾਲੇ ਦੇ ਸੰਪਾਦਕ ਸਨ। ਪੰਜਾਬ ਸਕੱਤਰੇਤ ਦੀ ਪੰਜਵੀਂ ਮੰਜ਼ਲ ਤੇ ਲੋਕ ਸੰਪਰਕ ਵਿਭਾਗ ਦਾ ਦਫਤਰ ਸੀ। ਸੁਖਪਾਲਵੀਰ ਸਿੰਘ ਹਸਰਤ ਦਾ ਕੈਬਿਨ ਇਮਾਰਤ ਦੇ ਬਿਲਕੁਲ ਨੁਕਰ ਤੇ ਸੀ। ਅਸੀਂ ਪੰਜਾਬੀ ਸ਼ੈਕਸ਼ਨ ਵਿਚ ਦੋ ਨਿਬੰਧਕਾਰ ਮਰਹੂਮ ਸੁਰਿੰਦਰ ਮੋਹਨ ਸਿੰਘ ਅਤੇ ਮੈਂ, ਦੋ ਅਨੁਵਾਦਕ ਮਰਹੂਮ ਬੰਸੀ ਲਾਲ ਤੇ ਬਲਵਿੰਦਰ ਕੌਰ, ਇਕ ਪਰੂਫ ਰੀਡਰ ਪ੍ਰੀਤਮ ਸਿੰਘ, ਇਕ ਸਟੈਨੋ ਟਾਈਪਿਸਟ ਗੁਰਦਾਸ ਸਿੰਘ ਅਤੇ ਇਕ ਸੇਵਾਦਾਰ ਦੇਸ ਰਾਜ ਹੁੰਦਾ ਸੀ। ਦੇਸ ਰਾਜ ਵੇਖਣ ਪਾਖਣ ਨੂੰ ਸੇਵਾਦਾਰ ਨਹੀਂ ਸਗੋਂ ਅਧਿਕਾਰੀ ਲਗਦਾ ਸੀ। ਉਹ ਬਣ ਠਣ ਕੇ ਰਹਿੰਦਾ ਸੀ। ਅਨੁਵਾਦਕਾਂ ਦਾ ਕੀਤਾ ਅਨੁਵਾਦ ਨਿਬੰਧਕਾਰ ਦਰੁਸਤ ਕਰਦੇ ਸਨ। ਸੁਰਿੰਦਰ ਮੋਹਨ ਸਿੰਘ ਅਨੁਵਾਦ ਕਰਨ ਦੇ ਮਾਹਿਰ ਸਨ ਕਿਉਂਕਿ ਉਹ ਪਹਿਲਾਂ ਅਨੁਵਾਦਕ ਵੀ ਰਹੇ ਸਨ। ਉਨ੍ਹਾਂ ਦਾ ਸਾਡੇ ਸਾਰਿਆਂ ਨਾਲੋਂ ਤਜ਼ਰਬਾ ਜ਼ਿਆਦਾ ਸੀ। ਅਖੀਰ ਵਿਚ ਪੀ.ਆਰ.ਓ ਪੰਜਾਬੀ ਅਨੁਵਾਦ ਦਰੁੱਸਤ ਕਰਕੇ ਆਪਣੀ ਮੋਹਰ ਲਾਉਂਦਾ ਸੀ। ਪੰਜਾਬੀ ਸ਼ਾਖਾ ਦੀ ਜਾਗ੍ਰਤੀ ਪੰਜਾਬੀ ਦੇ ਰਸਾਲੇ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਪ੍ਰਕਾਸ਼ਤ ਕੀਤੀ ਜਾਣ ਵਾਲੀ ਪੰਜਾਬੀ ਦੀ ਪ੍ਰਚਾਰ ਸਮਗਰੀ ਨੂੰ ਪ੍ਰਕਾਸ਼ਤ ਕਰਵਾਉਣ ਦੀ ਜ਼ਿੰਮੇਵਾਰੀ ਹੁੰਦੀ ਸੀ। ਰਸਾਲੇ ਵਿਚ ਕਿਹੜਾ ਮੈਟਰ ਪ੍ਰਕਾਸ਼ਤ ਕਰਨਾ ਹੈ, ਇਸ ਦੀ ਚੋਣ ਇਕੱਲਾ ਸੁਖਪਾਲਵੀਰ ਸਿੰਘ ਹਸਰਤ ਹੀ ਕਰਦਾ ਸੀ। ਮੈਟਰ ਦੀ ਚੋਣ ਵਿਚ ਉਹ ਹੋਰ ਕਿਸੇ ਤੇ ਵਿਸ਼ਵਾਸ ਨਹੀਂ ਕਰਦਾ ਸੀ। ਉਹ ਪੰਜਾਬੀ ਦਾ ਪ੍ਰਗਤੀਵਾਦੀ/ਸ਼ਕਤੀਵਾਦ ਲਹਿਰ ਦਾ ਮੰਨਿਆਂ ਪ੍ਰਮੰਨਿਆਂ ਕਵੀ ਸੀ, ਜਿਸ ਨੂੰ ਸਾਹਿਤ ਅਕਾਡਮੀ ਦਾ ਅਵਾਰਡ ਮਿਲਿਆ ਹੋਇਆ ਸੀ। ਸਹਾਇਕ ਸੰਪਾਦਕ ਅਤੇ ਪਰੂਫ ਰੀਡਰ ਦਾ ਕੰਮ ਪ੍ਰਿੰਟਿੰਗ ਪ੍ਰੈਸ ਵਿਚ ਜਾ ਕੇ ਰਸਾਲਾ ਪ੍ਰਕਾਸ਼ਤ ਕਰਵਾਉਣਾ ਹੁੰਦਾ ਸੀ। ਉਦੋਂ ਰਸਾਲਾ ਕੇਂਦਰ ਸ਼ਾਸ਼ਤ ਪ੍ਰਦੇਸ਼ ਚੰਡੀਗੜ੍ਹ ਦੇ 18 ਸੈਕਟਰ ਦੀ ਸਰਕਾਰੀ ਪ੍ਰੈਸ ਵਿਚ ਪ੍ਰਕਾਸ਼ਤ ਹੁੰਦਾ ਸੀ। ਸਿੱਕੇ ਦੀ ਕੰਪੋਜਿੰਗ ਹੱਥ ਨਾਲ ਕੀਤੀ ਜਾਂਦੀ ਸੀ। ਉਦੋਂ ਕੰਪਿਊਟਰ ਅਜੇ ਆਏ ਨਹੀਂ ਸਨ। ਪ੍ਰੈਸ ਵਿਚ ਖੱਜਲ ਖ਼ੁਆਰੀ ਬੜੀ ਹੁੰਦੀ ਸੀ। ਇਸ ਸ਼ਾਖਾ ਵਿਚ ਬਹੁਤ ਸਾਰੇ ਸਾਹਿਤਕਾਰ ਅਤੇ ਪ੍ਰੈਸਾਂ ਵਾਲੇ ਮਾਲਕ ਤੇ ਕਰਮਚਾਰੀ ਆਉਂਦੇ ਰਹਿੰਦੇ ਸਨ। ਇਸ ਲਈ ਉਨ੍ਹਾਂ ਦੀ ਆਓ ਭਗਤ ਲਈ ਚਾਹ ਪਾਣੀ ਆਪਣੀ ਜੇਬ ਵਿੱਚੋਂ ਪਿਲਾਉਣਾ ਪੈਂਦਾ ਸੀ। ਹੁਣ ਤਾਂ ਸਰਕਾਰ ਚਾਹ ਪਾਣੀ ਪਿਲਾਉਣ ਲਈ ਸਰਕਾਰੀ ਖ਼ਰਚੇ ਵਿੱਚੋਂ ਕਰਨ ਦੇ ਅਧਿਕਾਰ ਅਧਿਕਾਰੀਆਂ ਨੂੰ ਦਿੱਤੇ ਹੋਏ ਹਨ। ਸੁਖਪਾਲਵੀਰ ਸਿੰਘ ਹਸਰਤ ਬੜਾ ਕੰਜੂਸ ਕਿਸਮ ਦਾ ਅਧਿਕਾਰੀ ਸੀ। ਉਦੋਂ ਲੋਕ ਸੰਪਰਕ ਅਧਿਕਾਰੀ ਦੀ ਤਨਖ਼ਾਹ ਵੀ ਪੁਰਾਣੇ ਗਰੇਡ ਵਿਚ ਥੋੜ੍ਹੀ ਹੁੰਦੀ ਸੀ। ਉਹ ਪੰਜਾਬੀ ਦਾ ਕਵੀ ਹੋਣ ਕਰਕੇ, ਉਸ ਕੋਲ ਬਹੁਤ ਸਾਰੇ ਸਾਹਿਤਕਾਰ ਆਪਣੀਆਂ ਰਚਨਾਵਾਂ ਜਾਗ੍ਰਤੀ ਪੰਜਾਬੀ ਵਿਚ ਪ੍ਰਕਾਸ਼ਤ ਕਰਵਾਉਣ ਲਈ ਦੇਣ ਵਾਸਤੇ ਆਉਂਦੇ ਜਾਂਦੇ ਰਹਿੰਦੇ ਸਨ। ਉਦੋਂ ਈ ਮੇਲ ਦਾ ਰਿਵਾਜ ਨਹੀਂ ਹੁੰਦਾ ਸੀ। ਸਰਕਾਰੀ ਰਸਾਲਾ ਹੋਣ ਕਰਕੇ ਲੇਖਕਾਂ ਨੂੰ ਸੇਵਾ ਫਲ ਵੀ ਦਿੱਤਾ ਜਾਂਦਾ ਸੀ। ਜਿਸ ਕਰਕੇ ਬਹੁਤੇ ਸਾਹਿਤਕਾਰ ਸਰਕਾਰੀ ਰਸਾਲੇ ਵਿਚ ਰਚਨਾਵਾਂ ਪ੍ਰਕਾਸ਼ਤ ਕਰਵਾਉਣ ਦੇ ਚਾਹਵਾਨ ਆਉਂਦੇ ਰਹਿੰਦੇ ਸਨ। ਵੈਸੇ ਤਾਂ ਇਹ ਰਸਾਲਾ ਸਰਕਾਰੀ ਪ੍ਰਚਾਰ ਲਈ ਹੀ ਸ਼ੁਰੂ ਕੀਤਾ ਸੀ ਪ੍ਰੰਤੂ ਸੁਖਪਾਲਵੀਰ ਸਿੰਘ ਹਸਰਤ ਨੇ ਆਪਣਾ ਅਸਰ ਰਸੂਖ ਵਰਤਕੇ ਵਿਭਾਗ ਤੋਂ ਸਾਹਿਤਕ ਰਚਨਾਵਾਂ ਪ੍ਰਕਾਸ਼ਤ ਕਰਨ ਦੀ ਪ੍ਰਵਾਨਗੀ ਲੈ ਲਈ ਸੀ। ਉਸ ਦੀ ਦਲੀਲ ਵੀ ਵਾਜਬ ਸੀ ਕਿਉਂਕਿ ਪ੍ਰਚਾਰ ਸਮਗਰੀ ਨੂੰ ਲੋਕ ਪੜ੍ਹਦੇ ਨਹੀਂ, ਜੇਕਰ ਸਾਹਿਤਕ ਰਚਨਾਵਾਂ ਹੋਣਗੀਆਂ ਤਾਂ ਲੋਕ ਪੜ੍ਹ ਲੈਣਗੇ। ਰਸਾਲੇ ਦੇ ਟਾਈਟਲ ਦੇ ਚਾਰੇ ਪੰਨਿਆਂ 'ਤੇ ਮੰਤਰੀਆਂ ਦੀਆਂ ਤਸਵੀਰਾਂ ਪ੍ਰਕਾਸ਼ਤ ਹੁੰਦੀਆਂ ਸਨ। ਸੁਖਪਾਲਵੀਰ ਸਿੰਘ ਹਸਰਤ ਨੇ ਟਾਈਟਲ ਦੇ ਪਹਿਲੇ ਅਤੇ ਚੌਥੇ ਪੰਨੇ ਤੇ ਕੋਈ ਹੋਰ ਦਿਲਚਸਪ ਤਸਵੀਰ ਪ੍ਰਕਾਸ਼ਤ ਕਰਨ ਦੀ ਵੀ ਪ੍ਰਵਾਨਗੀ ਲੈ ਲਈ ਸੀ। ਇਸ ਪ੍ਰਕਾਰ ਫੋਟੋਗ੍ਰਾਫਰ ਤਸਵੀਰਾਂ ਦੇਣ ਲਈ ਵੀ ਆਉਣ ਲੱਗ ਪਏ। ਜਾਣੀ ਕਿ ਪੰਜਾਬੀ ਸ਼ੈਕਸ਼ਨ ਵਿਚ ਕੋਈ ਨਾ ਕੋਈ ਮਹਿਮਾਨ ਆਇਆ ਹੀ ਰਹਿੰਦਾ ਸੀ। ਉਸ ਸਮੇਂ ਸਕੱਤਰੇਤ ਦੀ ਕੰਨਟੀਨ ਵਿਚ ਚਾਹ ਅਤੇ ਖਾਣ ਪੀਣ ਦਾ ਸਾਮਾਨ ਸਬਸੀਡਾਈਜਡ ਦਰਾਂ 'ਤੇ ਬਹੁਤ ਹੀ ਸਸਤਾ ਹੁੰਦਾ ਸੀ। ਆਮ ਤੌਰ ਤੇ ਹਸਰਤ ਸਾਹਿਬ ਮਹਿਮਾਨਾ ਨੂੰ ਚਾਹ ਪਿਲਾਉਣ ਦੇ ਬਹੁਤਾ ਹੱਕ ਵਿਚ ਨਹੀਂ ਸਨ। ਜੇਕਰ ਪਿਲਾਉਣੀ ਪਵੇ ਤਾਂ ਬਹੁਤੀ ਵਾਰ ਮਹਿਮਾਨਾ ਨੂੰ ਕੰਨਟੀਨ ਵਿਚ ਹੀ ਚਾਹ ਪਿਲਾਉਣ ਲਈ ਲੈ ਜਾਂਦੇ ਸਨ ਕਿਉਂਕਿ ਦਫ਼ਤਰ ਵਿਚ ਮੌਕੇ ਤੇ ਹੋਰ ਸਾਹਿਤਕਾਰ ਆ ਜਾਂਦੇ ਸਨ। ਕੰਨਟੀਨ ਵਿਚ ਉਸਦੀ ਕੋਸਿਸ਼ ਹੁੰਦੀ ਸੀ ਕਿ ਮਹਿਮਾਨ ਈ ਚਾਹ ਦੇ ਪੈਸੇ ਦੇ ਦੇਵੇ। ਅਸਲ ਵਿਚ ਉਦੋਂ ਪੀ.ਆਰ.ਓ ਦੀ ਤਨਖ਼ਾਹ ਵੀ ਤਿੰਨ ਫਿਗਰਾਂ ਵਿਚ ਹੀ ਹੁੰਦੀ ਸੀ। ਦੇਸ ਰਾਜ ਸੇਵਾਦਾਰ ਵਾਰ-ਵਾਰ ਚਾਹ ਲੈਣ ਜਾਣ ਤੋਂ ਕੰਨੀ ਕਤਰਾਉਂਦਾ ਸੀ। ਉਹ ਦਫ਼ਤਰ ਤੋਂ ਬਾਹਰਲੇ ਲੋਕਾਂ ਨੂੰ ਆਪਣੇ ਆਪ ਨੂੰ ਅਧਿਕਾਰੀ ਹੀ ਦਸਦਾ ਸੀ। ਉਨ੍ਹਾਂ ਦਿਨਾਂ ਵਿਚ ਸਰਕਾਰੀ ਕੰਨਟੀਨ ਵਿਚ ਚਾਹ ਦਾ ਕਪ10 ਪੈਸੇ, ਹਾਫਸੈਟ 40 ਪੈਸੇ, ਫੁਲ ਸੈਟ 60 ਪੈਸੇ, ਸਮੋਸਾ, ਬੇਸਣ, ਗੁਲਾਬ ਜਾਮਣ, ਜਲੇਬੀਆਂ ਆਦਿ ਵੀ ਬਹੁਤ ਘੱਟ ਦਰਾਂ 20-20 ਪੈਸੇ ਦੀਆਂ ਹੀ ਮਿਲਦੀਆਂ ਸਨ। ਸੇਵਾਦਾਰ ਦੇਸ ਰਾਜ ਔਖਿਆ ਰਹਿੰਦਾ ਸੀ। ਕਈ ਵਾਰੀ ਚਾਹ ਪਾਣੀ ਲੈਣ ਗਿਆ ਮਹਿਮਾਨਾ ਦੇ ਜਾਣ ਤੋਂ ਬਾਅਦ ਆਉਂਦਾ ਸੀ, ਤਾਂ ਜੋ ਉਸ ਨੂੰ ਚਾਹ ਲੈਣ ਲਈ ਅੱਗੇ ਤੋਂ ਭੇਜਿਆ ਨਾ ਜਾਵੇ।। ਦੇਸ ਰਾਜ ਦਾ ਬਹਾਨਾਂ ਇਹ ਹੁੰਦਾ ਸੀ ਕਿ ਕੰਨਟੀਨ ਵਿੱਚ ਭੀੜ ਬਹੁਤ ਸੀ। ਸੁਖਪਾਲਵੀਰ ਸਿੰਘ ਹਸਰਤ ਸਾਹਿਬ ਦੀ ਵੀ ਕੋਸ਼ਿਸ਼ ਹੁੰਦੀ ਸੀ ਕਿ ਦੇਸ ਰਾਜ ਨੂੰ ਚਾਹ ਲੈਣ ਭੇਜਿਆ ਨਾ ਜਾਵੇ। ਸਾਰੇ ਸੇਵਾਦਾਰ ਚੰਡੀਗੜ੍ਹ ਦੇ ਆਸ ਪਾਸ ਦੇ ਪਿੰਡਾਂ ਦੇ ਸਨ। ਪੰਜਾਬੀ ਸ਼ੈਕਸ਼ਨ ਵਿਚ ਹੋਰ ਕੋਈ ਸੇਵਾਦਾਰ ਆਉਣ ਨੂੰ ਤਿਆਰ ਹੀ ਨਹੀਂ ਸੀ। ਸਵੇਰੇ ਪਹਿਲਾਂ ਉਹ ਆਪੋ ਆਪਣੇ ਪਿੰਡਾਂ ਤੋਂ ਦੁੱਧ ਅਤੇ ਸਬਜ਼ੀਆਂ ਲੈ ਕੇ ਵੱਡੇ ਪ੍ਰਬੰਧਕੀ ਅਧਿਕਾਰੀਆਂ ਦੇ ਘਰਾਂ ਵਿਚ ਦੇ ਕੇ ਆਉਂਦੇ ਸਨ ਅਤੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨਾਲ ਹੀ ਭਰਤੀ ਹੋਏ ਹੁੰਦੇ ਸਨ। ਸਰਕਾਰੀ ਨੌਕਰੀ ਤਾਂ ਉਹ ਰੂੰਘੇ ਵਿਚ ਹੀ ਕਰਦੇ ਸਨ। ਇਸ ਲਈ ਉਹ ਬਹੁਤਾ ਵਿਭਾਗ ਦੇ ਅਧਿਕਾਰੀਆਂ ਨੂੰ ਗੌਲਦੇ ਨਹੀਂ ਸਨ। ਇਕ ਦਿਨ ਸੁਖਪਾਲਵੀਰ ਸਿੰਘ ਹਸਰਤ ਕੋਲ ਪ੍ਰਿੰਸੀਪਲ ਤਖ਼ਤ ਸਿੰਘ ਗ਼ਜ਼ਲਗੋ ਅਤੇ ਇਕ ਹੋਰ ਦੋ ਵੱਡੇ ਸਾਹਿਤਕਾਰ ਆ ਗਏ। ਹਸਰਤ ਸਾਹਿਬ ਨੇ ਦੇਸ ਰਾਜ ਨੂੰ ਬੁਲਾਇਆ ਅਤੇ ਪੰਜ ਰੁਪਏ ਦਾ ਨੋਟ ਦੇ ਕੇ ਕਿਹਾ ਕਿ ਚਾਹ ਅਤੇ ਖਾਣ ਲਈ ਸਮੋਸੇ ਤੇ ਮਿੱਠਾ ਲੈ ਆ। ਦੇਸ ਰਾਜ ਜਦੋਂ ਕਾਫੀ ਦੇਰ ਨਾ ਆਇਆ ਤਾਂ ਹਸਰਤ ਨੇ ਆਪਣੇ ਬਜ਼ੁਰਗ ਸਟੈਨੋ ਗੁਰਦਾਸ ਸਿੰਘ ਨੂੰ ਦੇਸ ਰਾਜ ਦਾ ਪਤਾ ਕਰਨ ਲਈ ਭੇਜਿਆ। ਜਦੋਂ ਦੇਸ ਰਾਜ ਆਇਆ ਤਾਂ ਉਸ ਨੇ ਦੋ ਵੱਡੇ ਲਿਫਾਫੇ ਮੇਜ ਤੇ ਰੱਖ ਦਿੱਤੇ ਅਤੇ ਚਾਹ ਕੱਪਾਂ ਵਿਚ ਪਾਉਣ ਲੱਗ ਪਿਆ। ਸੁਖਪਾਲਵੀਰ ਸਿੰਘ ਹਸਰਤ ਲਿਫਾਫੇ ਵੇਖ ਕੇ ਅੱਗ ਬਬੂਲਾ ਹੋ ਗਿਆ ਕਿਉਂਕਿ ਦੇਸ ਰਾਜ ਚਾਹ ਦਾ ਫੁਲਸੈਟ ਅਤੇ ਬਾਕੀ ਸਾਰੇ ਪੈਸਿਆਂ ਦੇ 11 11 ਸਮੋਸੇ ਅਤੇ ਮੱਠੀਆਂ ਲੈ ਆਇਆ ਸੀ। ਦੇਸ ਰਾਜ ਨੇ ਕਿਹਾ ਕਿ ਤੁਸੀਂ ਤਾਂ ਚਾਹ ਅਤੇ ਸਮੋਸੇ ਲਿਆਉਣ ਲਈ ਕਿਹਾ ਸੀ, ਮੈਂ ਲੈ ਆਇਆ, ਤੁਸੀਂ ਇਹ ਤਾਂ ਨਹੀਂ ਕਿਹਾ ਕਿ ਕਿਤਨੇ ਲਿਆਉਣੇ ਹਨ। ਮੈਂ ਤਾਂ ਸਮੋਸੇ ਬਣਵਾ ਕੇ ਲਿਆਇਆ ਹਾਂ ਤਾਂ ਹੀ ਦੇਰੀ ਹੋ ਗਈ। ਬੇਸਣ ਖ਼ਤਮ ਹੋ ਗਿਆ ਸੀ, ਇਸ ਕਰਕੇ ਮੈਂ ਮੱਠੀਆਂ ਲੈ ਕੇ ਆਇਆ ਹਾਂ। ਪਹਿਲੀ ਵਾਰੀ ਸਾਰੀ ਪੰਜਾਬੀ ਸੈਕਸ਼ਨ ਨੂੰ ਸੁਖਪਾਲਵੀਰ ਸਿੰਘ ਹਸਰਤ ਨੇ ਦੇਸ ਰਾਜ ਦੀ ਬਦਨੀਤੀ ਕਰਕੇ ਸਮੋਸੇ ਅਤੇ ਮੱਠੀਆਂ ਖਿਲਾਈਆਂ।

## ਜਨੂੰਨ ਜਿੱਤਣ ਦਾ

ਕੀਤੀ ਮਿਹਨਤ ਨੂੰ ਤਾਹੀਓਂ ਹੈ ਬੂਰ ਪੈਂਦਾ,

ਜੇਕਰ ਜਿੱਤਣ ਦਾ ਸਾਨੂੰ ਜਨੂੰਨ ਹੋਵੇ।




ਸਾਰੇ ਧਰਮਾਂ ਦਾ ਏਥੇ ਸਤਿਕਾਰ ਹੋਵੇ,

ਸਾਰੇ ਦੇਸ਼ ਵਿੱਚ ਇੱਕੋ ਕਾਨੂੰਨ ਹੋਵੇ।

ਓਹੀ ਲੋਕ ਨੇ ਜੀਵਨ ਵਿੱਚ ਸਫ਼ਲ ਹੁੰਦੇ,

ਜਿਨ੍ਹਾਂ ਕੀਤੀਆਂ ਮਿਹਨਤਾਂ ਭਾਰੀਆਂ ਨੇ।

ਬੇਰ ਟੀਸੀ ਦਾ ਤੋੜਨਾ ਚਾਹੁਣ ਜਿਹੜੇ,

ਉਨ੍ਹਾਂ ਲੋਕਾਂ ਨੇ ਮੰਜ਼ਿਲਾਂ ਮਾਰੀਆਂ ਨੇ।

ਇਹ ਜ਼ਿੰਦਗੀ ਫੁੱਲਾਂ ਦੀ ਸੇਜ ਨਾਹੀਂ,

ਰਾਹ ਜੀਵਨ ਦੇ ਬੜੇ ਹੀ ਬਿਖੜੇ ਨੇ।

ਪ੍ਰੋ. ਨਵ ਸੰਗੀਤ ਸਿੰਘ

ਸੋਚ-ਸਮਝ ਕੇ ਧਰੀਂ ਤੂੰ ਕਦਮ ਏਥੇ,

ਕੰਡੇ ਰਸਤਿਆਂ 'ਚ ਫੈਲੇ ਤਿਖੜੇ ਨੇ।

ਝੱਖੜ ਝਾਗ ਕੇ ਮਿਲੇਗੀ ਜਦੋਂ ਮੰਜ਼ਿਲ,

ਓਦੋਂ ਹੱਸ ਕੇ ਮਿਲੂ ਬਹਾਰ ਤੈਨੂੰ।

ਤਗ਼ਮੇ ਮਿਲਣਗੇ, ਸਿਰਾਂ ਤੇ ਤਾਜ ਸਜਣੇ,

ਗਲੇ ਫੁੱਲਾਂ ਦੇ ਪੈਣਗੇ ਹਾਰ ਤੈਨੂੰ।

ਮਿਹਨਤ ਵਾਲਿਆਂ ਦੀ ਸਾਰੇ ਕਦਰ ਕਰਦੇ,


ਗਲੇ ਹੱਸ ਕੇ ਮਿਲਦੇ ਨੇ ਯਾਰ ਬੇਲੀ।

ਰੱਖ ਹੱਥ ਤੇ ਹੱਥ ਜੋ ਧਰੀ ਬੈਠਣ,

ਪੁੱਛੇ ਕੋਈ ਨਾ ਵਿੱਚ ਸੰਸਾਰ ਬੇਲੀ।

## ਸੂਫ਼ੀ ਕਲਾਮ

ਅੰਜੂ ਵ ਰੱਤੀ




ਮੈਨੂੰ ਦਰ ਦਰਵਾਜ਼ਾ ਮੱਲਣ ਦੇ
ਉਹਦਾ ਦਰ ਦਰਵਾਜ਼ਾ ਮੱਲਣ ਦੇ
ਰੱਤ ਨਾਲ ਲਿਖਿਆ ਪ੍ਰੇਮ ਸੁਨੇਹਾ
ਮਾਹੀ ਦੇ ਵੱਲ ਘੱਲਣ ਦੇ।

ਨਜ਼ਰ ਸਵੱਲੀ ਹੋਵੇ ਉਹਦੀ
ਹਰ ਸਾਹ ਉਹਦੇ ਨਾਮ ਲਿਖਾਂ
ਦੁੱਖ ਦੇਵੇ, ਸੁਖ ਦੇਵੇ ਫਿਰ ਉਹ
ਬਸ ਖੁਸ਼ੀ ਨਾਲ ਝੱਲਣ ਦੇ।

ਛਿੱਲ ਕੇ ਪਿਆਰ ਦੀਆਂ ਗੰਦਲਾਂ
ਰਿੰਨਾ,ਵਿੱਚ ਮੈਂ ਦਿਲ ਦੇ ਹਾਰੇ ਵੇ
ਗਾੜ੍ਹਾ ਕਰਨ ਨੂੰ ਸਾਥ ਸੱਜਣ ਦਾ
ਪਾਉਣ ਧਿਆਨ ਦਾ ਅੱਲਣ ਦੇ।

ਬੇਰੰਗ ਲੱਗਦੀ ਦੁਨੀਆਂ ਦੇ ਵਿੱਚ
ਰੰਗਲਾ ਉਹਦਾ ਦਰ ਦਿਸਦਾ
ਸੱਤ ਰੰਗਾਂ ਦਾ ਚੋਲਾ ਪਾ ਕੇ
ਓਸੇ ਦਾ ਦਰ ਮੱਲਣ ਦੇ।